## *ਕੋਮਾਗਾਟਾ ਮਾਰੂ ਦੇ ਭਾਈਚਾਰੇ, ਪਰਵਾਰਾਂ ਅਤੇ ਵੰਸ਼ਜਾਂ ਕੋਲੋਂ ਨਿਊ ਵੈੱਸਟਮਿਨਸਟਰ ਸ਼ਹਿਰ ਵੱਲੋਂ ਖਿਮਾ ਜਾਚਨਾ*

## *CITY OF NEW WESTMINSTER APOLOGY TO THE COMMUNITY, FAMILIES AND DESCENDANTS OF THE KOMAGATA MARU*

### *ਪ੍ਰਵਾਨਗੀ ਅਤੇ ਬਾਕਾਇਦਾ ਖਿਮਾ ਜਾਚਨਾ - ਸਤੰਬਰ 27, 2021*

*1 ਮਾਰਚ 2021 ਨੂੰ ਨਿਊ ਵੈੱਸਟਮਿਨਸਟਰ ਸਿਟੀ ਕੌਂਸਲ ਨੂੰ 1914 ਵਿਚ ਕੋਮਾਗਾਟਾ ਮਾਰੂ ਘਟਨਾ ਦੌਰਾਨ ਸ਼ਹਿਰ ਵੱਲੋਂ ਕੀਤੀ ਕਾਰਵਾਈ ਦੇ ਵੇਰਵਿਆਂ ਦੀ ਰਿਪੋਰਟ ਮਿਲੀ ਹੈ। ਇਹ ਕੰਮ ਕੋਮਾਗਾਟਾ ਮਾਰੂ ਦੇ ਵੰਸ਼ਜਾਂ ਦੀ ਸੁਸਾਇਟੀ ਦੇ ਰਾਜ ਸਿੰਘ ਤੂਰ ਦੀ ਬੇਨਤੀ ਤੇ ਕੀਤਾ ਗਿਆ। ਰਿਪੋਰਟ ਵਿਚ ਖ਼ੁਲਾਸਾ ਹੋਇਆ ਕਿ ਉਸ ਸਮੇਂ ਦੀ ਕੌਂਸਲ ਦੀ ਕਾਰਵਾਈ ਪੱਖਪਾਤੀ ਅਤੇ ਨਸਲਵਾਦੀ ਸੀ। ਇਸ ਦੇ ਨਤੀਜੇ ਵਜੋਂ ਇਹ ਪ੍ਰਸਤਾਵ ਪੇਸ਼ ਕੀਤਾ ਗਿਆ ਕਿ ਉਸ ਘਟਨਾ ਦੌਰਾਨ ਨਿਊ ਵੈੱਸਟਮਿਨਸਟਰ ਦੀ ਕੌਂਸਲ ਦੇ ਸ਼ਬਦਾਂ ਅਤੇ ਕਾਰਵਾਈਆਂ ਨਾਲ ਪ੍ਰਭਾਵਿਤ ਭਾਈਚਾਰੇ ਦੇ ਲੋਕਾਂ, ਪਰਵਾਰਾਂ ਅਤੇ ਉੱਤਰਾਧਿਕਾਰੀਆਂ ਕੋਲੋਂ ਸਿਟੀ ਕੌਂਸਲ ਖਿਮਾ ਜਾਚਨਾ ਕਰੇ।*

*ਨਿਊ ਵੈੱਸਟਮਿਨਸਟਰ ਦੀ ਸਿਟੀ 1912 ਤੋਂ 1916 ਸਮੇਂ ਦੀਆਂ ਦਸਤਾਵੇਜ਼ਾਂ ਦੀ ਸਮੀਖਿਆ ਦੇ ਅਧਾਰ ਤੇ ਇਹ ਸਵੀਕਾਰ ਕਰਦੀ ਹੈ ਕਿ ਇਸ ਵੱਲੋਂ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਪ੍ਰਤੀ ਪੱਖਪਾਤੀ ਰਵੱਈਆ ਅਪਣਾਇਆ ਗਿਆ।*

*ਨਿਊ ਵੈੱਸਟਮਿਨਸਟਰ ਸਿਟੀ ਇਹ ਸਵੀਕਾਰ ਕਰਦੀ ਹੈ ਕਿ ਇਸ ਦੇ ਪੱਖਪਾਤੀ, ਨਸਲਵਾਦੀ ਅਤੇ ਵੱਖਵਾਦੀ ਕਾਨੂੰਨ ਦੇ ਰਸਮੀ ਸਮਰਥਨ ਨੇ ਕੋਮਾਗਾਟਾ ਮਾਰੂ ਦੇ ਯਾਤਰੀਆਂ ਦੀ ਕੈਨੇਡਾ ਦੇ ਪਾਣੀਆਂ ਵਿਚ ਅਤੇ ਹਿੰਦੁਸਤਾਨ ਵਾਪਸ ਪਰਤਣ ਤੇ ਹੋਈ ਦੁਰਦਸ਼ਾ ਵਿਚ ਯੋਗਦਾਨ ਪਾਇਆ।*

*ਸਿਟੀ ਆਫ਼ ਨਿਊ ਵੈੱਸਟਮਿਨਸਟਰ ਇਹ ਸਵੀਕਾਰ ਕਰਦੀ ਹੈ ਕਿ 100 ਸਾਲਾਂ ਤੋਂ ਦੱਖਣੀ ਏਸ਼ੀਆਈ ਭਾਈਚਾਰਾ ਨਿਊ ਵੈੱਸਟਮਿਨਸਟਰ ਭਾਈਚਾਰੇ ਦਾ ਸਮਾਜਿਕ ਤੌਰ ਤੇ ਸਹਾਇਕ ਅਤੇ ਸਰਗਰਮ ਹਿੱਸਾ ਰਿਹਾ ਹੈ। ਸਿਟੀ ਦੀਆਂ ਉਸ ਦਿਨ ਦੀਆਂ ਕਰਵਾਈਆਂ ਨੇ ਦੱਖਣੀ ਏਸ਼ੀਆਈ ਵਸਨੀਕਾਂ ਨੂੰ ਆਪਣੇ ਭਾਈਚਾਰੇ ਵਿਚ ਅਣਚਾਹੇ ਅਤੇ ਅਸੁਰੱਖਿਅਤ ਮਹਿਸੂਸ ਕਰਵਾਇਆ। ਇਸ ਸਮੇਂ ਤਕਰੀਬਨ 5790 ਦੱਖਣੀ ਏਸ਼ੀਆਈ ਮੂਲ ਦੇ ਲੋਕ ਨਿਊ ਵੈੱਸਟਮਿਨਸਟਰ ਨੂੰ ਆਪਣਾ ਘਰ ਕਹਿੰਦੇ ਹਨ।*

*ਕੌਂਸਲ ਦੀਆਂ ਪਿਛਲੀਆਂ ਕਾਰਵਾਈਆਂ ਕੌਂਸਲ ਦੀਆਂ ਮੌਜੂਦਾ ਕਦਰਾਂ ਕੀਮਤਾਂ, ਸੁਲ੍ਹਾ ਸਮਝੌਤਾ, ਸ਼ਮੂਲੀਅਤ ਅਤੇ ਇਕਰਾਰਾਂ ਦੀਆਂ ਰਣਨੀਤਕ ਤਰਜੀਹਾਂ ਦੇ ਅਨੁਕੂਲ ਨਹੀਂ। ਦੱਖਣੀ ਏਸ਼ੀਆਈ ਭਾਈਚਾਰੇ ਵਿਰੁੱਧ ਕੀਤੀਆਂ ਪਿਛਲੀਆਂ ਹਾਨੀਕਾਰਕ ਕਾਰਵਾਈਆਂ ਦੇ ਪਛਤਾਵੇ ਵਜੋਂ ਅਤੇ ਇਸ ਭਾਈਚਾਰੇ ਦੇ ਇਤਿਹਾਸ ਲਈ ਸਤਿਕਾਰ ਅਤੇ ਸਮਝ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਲਈ Q ਤੋਂ Q ਫ਼ੈਰੀ ਅਤੇ ਕੁਈਨਜ਼ਬਰੋ ਰਿਵਰ ਵਾਕ ਦੇ ਦੋਹਾਂ ਡੌਕਾਂ ਦਾ ਨਾਮਕਰਨ ਕੋਮਾਗਾਟਾ ਮਾਰੂ ਦੀ ਯਾਦ ਵਿਚ ਕਰਨ ਦਾ ਫ਼ੈਸਲਾ ਕੀਤਾ ਹੈ।*

*ਨਿਊ ਵੈੱਸਟਮਿਨਸਟਰ ਦੀ ਸਿਟੀ ਦੱਖਣੀ ਏਸ਼ੀਆਈ ਭਾਈਚਾਰੇ ਅਤੇ ਕੋਮਾਗਾਟਾ ਮਾਰੂ ਦੇ ਬਚੇ ਹੋਏ ਲੋਕਾਂ ਦੇ ਉੱਤਰਾਧਿਕਾਰੀਆਂ ਤੋਂ ਆਪਣੀਆਂ ਪਿਛਲੀਆਂ ਕਾਰਵਾਈਆਂ ਲਈ ਬਾਕਾਇਦਾ ਖਿਮਾ ਜਾਚਨਾ ਕਰਦੀ ਹੈ ਜਿਨ੍ਹਾਂ ਕਾਰਨ ਵਿਤਕਰੇ ਅਤੇ ਅਲਹਿਦਗੀ ਦੀ ਭਾਵਨਾ ਪੈਦਾ ਹੋਈ। ਸਿਟੀ ਸਮੂਹਕ ਰੂਪ ਵਿਚ ਦੋਸਤੀ, ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਨਾਲ ਮਜ਼ਬੂਤ ਬੰਧਨ ਅਤੇ ਸਥਾਈ ਰਿਸ਼ਤੇ ਬਣਾਉਣ ਲਈ ਨਵੇਂ ਉਤਸ਼ਾਹ ਅਤੇ ਜੋਸ਼ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦੀ ਹੈ।*